## ਜੇ ਤੁਹਾਡੀ ਕੋਵਿਡ-19 ਵਿਰੁੱਧ ਵੈਕਸੀਨੇਸ਼ਨ ਕੈਨੇਡਾ ਤੋਂ ਬਾਹਰ ਹੋਈ ਸੀ

## If you were vaccinated against COVID-19 outside of Canada

ਬੇਸ਼ੱਕ ਤੁਹਾਡੀ ਕੋਵਿਡ-19 ਵਿਰੁੱਧ ਵੈਕਸੀਨੇਸ਼ਨ ਕੈਨੇਡਾ ਤੋਂ ਬਾਹਰ ਹੋਈ ਸੀ ਤੁਹਾਨੂੰ ਫਿਰ ਵੀ ਇੱਥੇ ਵੈਕਸੀਨੇਸ਼ਨ ਕਰਵਾਉਣ ਦੀ ਲੋੜ ਹੋ ਸਕਦੀ ਹੈ। ਤੁਹਾਨੂੰ ਹੋਰ ਵੈਕਸੀਨੇਸ਼ਨ ਦੀ ਜ਼ਰੂਰਤ ਹੈ ਕਿ ਨਹੀਂ ਇਸ ਲਈ ਬੀ.ਸੀ. ਵਿਸ਼ਵ ਸਿਹਤ ਸੰਗਠਨ ਵੱਲੋਂ ਮਨਜ਼ੂਰ ਸ਼ੁਦਾ ਕੋਵਿਡ-19 ਵੈਕਸੀਨ ਦੀ ਲਿਸਟ ਦੀ ਪਾਲਨਾ ਕਰ ਰਿਹਾ ਹੈ।

ਵਿਸ਼ਵ ਸਿਹਤ ਸੰਗਠਨ ਵੱਲੋਂ ਮਨਜ਼ੂਰ ਸ਼ੁਦਾ (WHO approved) ਕੋਵਿਡ-19 ਵੈਕਸੀਨ ਦੀ ਲਿਸਟ:

- ਫ਼ਾਈਜ਼ਰ/ਬਾਇਓਨਟੈਕ
- ਮੋਡੇਰਨਾ
- ਐਸਟਰਾਜ਼ੈਨੇਕਾ
- ਕੋਵੀਸ਼ੀਲਡ
- ਜੈਨਸਨ (ਜੋਹਨਸਨ & ਜੋਹਨਸਨ)
- ਸਿਨੋਫ਼ਰਮਾ (ਬੀਜਿੰਗ) / ਕੋਵਿਲੋ/ਬੀ.ਬੀ.ਆਈ. ਬੀ.ਪੀ.-ਕੋਰਵੀ
- ਸਿਨੋਵੈਕ/ਕੋਰੋਨਾਵੈਕ

**ਜੇ ਤੁਸੀਂ ਜੇਨਸਨ (ਜੋਹਨਸਨ & ਜੋਹਨਸਨ) ਦੀ ਇੱਕ ਖ਼ੁਰਾਕ ਹੀ ਲਈ ਹੈ ਜਾਂ** ਲਿਸਟ ਵਿਚੋਂ ਕਿਸੇ ਹੋਰ ਵੈਕਸੀਨ ਦੀਆਂ ਦੋ ਖ਼ੁਰਾਕਾਂ ਲਈਆਂ ਹਨ ਤਾਂ ਤੁਹਾਨੂੰ ਹੋਰ ਖ਼ੁਰਾਕ ਲੈਣ ਦੀ ਲੋੜ ਨਹੀਂ ਪਰ ਤੁਸੀਂ ਆਪਣਾ ਕੋਵਿਡ-19 ਦੀ ਵੈਕਸੀਨੇਸ਼ਨ ਦਾ ਰਿਕਾਰਡ BC's immunization record system. ਵਿਚ ਭੇਜ ਦਿਓ।

**ਜੇ ਤੁਸੀਂ ਜੇਨਸਨ (ਜੋਹਨਸਨ & ਜੋਹਨਸਨ) ਤੋਂ ਬਿਨਾਂ ਲਿਸਟ ਵਾਲੇ ਕਿਸੇ ਹੋਰ ਵੈਕਸੀਨ ਦੀ ਇੱਕ ਖ਼ੁਰਾਕ ਹੀ ਲਈ ਹੈ** ਤਾਂ ਆਪਣੀ ਵੈਕਸੀਨੇਸ਼ਨ ਪੂਰੀ ਕਰਨ ਲਈ ਤੁਹਾਨੂੰ ਬੀ.ਸੀ. ਵਿਚ ਕੋਵਿਡ-19 ਦੀ ਦੂਸਰੀ ਖ਼ੁਰਾਕ ਲੈਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।ਤੁਸੀਂ ਆਪਣਾ ਕੋਵਿਡ-19 ਦੀ ਵੈਕਸੀਨੇਸ਼ਨ ਦਾ ਰਿਕਾਰਡ BC's immunization record system. ਵਿਚ ਭੇਜ ਦਿਓ ਅਤੇ BC's vaccine registration system ਵਿਚ ਰਜਿਸਟਰੇਸ਼ਨ ਕਰਵਾ ਲਵੋ। ਤੁਹਾਨੂੰ ਦੂਜੀ ਖ਼ੁਰਾਕ ਕਦੋਂ ਮਿਲੇਗੀ ਇਸ ਬਾਰੇ ਤੁਹਾਨੂੰ ਜਾਣਕਾਰੀ ਦਿੱਤੀ ਜਾਏਗੀ।

**ਜੇ ਤੁਸੀਂ ਐਸੇ ਵੈਕਸੀਨ ਦੀ ਖ਼ੁਰਾਕ ਲਈ ਹੈ ਜੋ ਲਿਸਟ ਵਿਚ ਨਹੀਂ** ਤਾਂ ਤੁਹਾਨੂੰ BC's vaccine registration system ਕੋਲ ਰਜਿਸਟਰ ਕਰਵਾਉਣਾ ਚਾਹੀਦਾ ਹੈ ਤਾਂ ਕਿ ਤੁਹਾਨੂੰ ਕੋਵਿਡ-19 ਦੀਆਂ ਦੋਵੇਂ ਖ਼ੁਰਾਕਾਂ ਬੀ.ਸੀ. ਵਿਚ ਦਿੱਤੀਆਂ ਜਾਣ।

### ਰਜਿਸਟਰ ਕਿਵੇਂ ਕਰਨਾ ਹੈ:

1. ਆਣਲਾਈਨ gov.bc.ca/getvaccinated, ਤੇ 12 ਬੋਲੀਆਂ ਵਿਚ ਉਪਲਬਧ ਹੈ।
2. ਟੈਲੀਫ਼ੋਨ ਰਾਹੀਂ ਸੂਬਾਈ ਕਾਲ ਸੈਂਟਰ ਨੂੰ (ਮੁਫ਼ਤ) 1-822-838-2323 ਤੇ ਫ਼ੋਨ ਕਰ ਕੇ 140 ਬੋਲੀਆਂ ਵਿਚ ਉਪਲਬਧ ਹੈ।

ਕੋਵਿਡ-19 ਵੈਕਸੀਨ ਬੀ.ਸੀ. ਵਿਚ ਹਰ ਇੱਕ ਲਈ ਜੋ 12 ਸਾਲ ਤੋਂ ਵੱਡਾ ਹੈ **ਮੁਫ਼ਤ** ਉਪਲਬਧ ਹਨ ਚਾਹੇ ਉਸ ਦਾ ਇਮੀਗਰੇਸ਼ਨ ਦਾ ਸਟੇਟਸ ਕੁੱਝ ਵੀ ਹੋਵੇ।

ਕੈਨੇਡਾ ਵਿਚ ਦਾਖ਼ਲ ਹੋਣ ਲਈ ਅਤੇ ਤੁਹਾਡੀ ਵੈਕਸੀਨੇਸ਼ਨ ਦੀ ਜਾਣਕਾਰੀ ਤੁਹਾਡੇ ਦਾਖ਼ਲੇ ਤੇ ਕਿਵੇਂ ਅਸਰ ਕਰੇਗੀ ਇਸ ਬਾਰੇ ਇੱਥੋਂ travel guidance ਜਾਣਕਾਰੀ ਲਵੋ।